## ਪਾਠ-24 ਜਮਾਤ-ਛੇਵੀਂ

## ਵੱਡੇ ਕੰਮ ਦੀ ਭਾਲ਼ (ਕਹਾਣੀ) ਕਰਨਲ ਜਸਬੀਰ ਭੁੱਲਰ

ਤਿਆਰ ਕਰਤਾ:ਸ.ਜਸਪਾਲ ਸਿੰਘ,ਪੰਜਾਬੀ ਮਾਸਟਰ,ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ ਜ਼ਿਲ੍ਹਾ ਗੁਰਦਾਸਪੁਰ।(9417606006)

1. ਪ੍ਰਸ਼ਨ:-ਭਾਈ ਘਨੱਈਆ ਜੀ ਦੇ ਪਿੰਡ ਦਾ ਕੀ ਨਾਂ ਸੀ ਤੇ ਉਹ ਕਿਹੋ-ਜਿਹਾ ਸੀ ?

ਉੱਤਰ:- ਭਾਈ ਘਨੱਈਆ ਜੀ ਦੇ ਪਿੰਡ ਦਾ ਨਾਂ ਸੋਧਰਾ ਸੀ ਤੇ ਉਹ ਵੇਖਣ ਵਿੱਚ ਪਰੀ- ਲੋਕ ਵਰਗਾ ਸੀ।

2. ਪ੍ਰਸ਼ਨ:- ਭਾਈ ਘਨੱਈਆ ਜੀ ਦੀ ਮਾਂ ਨੇ ਉਸ ਨੂੰ ਕੀ ਸਲਾਹ ਦਿੱਤੀ ?

ਉੱਤਰ:- ਭਾਈ ਘਨੱਈਆ ਜੀ ਦੀ ਮਾਂ ਨੇ ਉਸ ਨੂੰ ਕੋਈ ਵੱਡਾ ਅਤੇ ਨੇਕ ਕੰਮ ਕਰਨ ਦੀ ਸਲਾਹ ਦਿੱਤੀ।

3. ਪ੍ਰਸ਼ਨ:-ਮੁਸਾਫ਼ਰ ਭਾਈ ਘਨੱਈਆ ਜੀ ਦੇ ਕਿਹੜੇ ਗੁਣਾਂ ਤੋਂ ਪ੍ਰਭਾਵਿਤ ਹੋਇਆ ਤੇ ਉਸ ਨੂੰ ਕਿੱਥੇ ਜਾਣ ਦੀ ਸਲਾਹ ਦਿੱਤੀ ?

ਉੱਤਰ:- ਮੁਸਾਫ਼ਰ ਭਾਈ ਘਨੱਈਆ ਜੀ ਦੀ ਸਾਦਗੀ ਤੇ ਨਿਰਛਲਤਾ ਦੇ ਗੁਣਾਂ ਤੋਂ ਪ੍ਰਭਾਵਿਤ ਹੋਇਆ ਤੇ ਉਸ ਨੂੰ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ਼ ਜਾਣ ਦੀ ਸਲਾਹ ਦਿੱਤੀ।

4. ਪ੍ਰਸ਼ਨ:- ਭਾਈ ਘਨੱਈਆ ਜੀ ਵਿੱਚ ਕਿਹੜੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ ਤੇ ਆਨੰਦਪੁਰ ਸਾਹਿਬ ਪਹੁੰਚ ਕੇ ਉਹਨਾਂ ਨੇ ਕਿਹੜੀ ਸੇਵਾ ਸੰਭਾਲ਼ੀ ?

ਉੱਤਰ:- ਭਾਈ ਘਨੱਈਆ ਜੀ ਵਿੱਚ ਮਨੁੱਖੀ ਸੇਵਾ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ ਤੇ ਆਨੰਦਪੁਰ ਸਾਹਿਬ ਪਹੁੰਚ ਕੇ ਉਹਨਾਂ ਨੇ ਗੁਰੂ ਦੇ ਲੰਗਰ ਵਿੱਚ ਪਾਣੀ ਦੀ ਸੇਵਾ ਦਾ ਕੰਮ ਸੰਭਾਲ਼ ਲਿਆ।

5. ਪ੍ਰਸ਼ਨ:- ਗੁਰੂ ਗੋਬਿੰਦ ਸਿੰਘ ਜੀ ਕੋਲ਼ ਭਾਈ ਘਨੱਈਆ ਜੀ ਦੀਆਂ ਸ਼ਿਕਾਇਤਾਂ ਕਿਉਂ ਲਾਈਆਂ ਗਈਆਂ ਸਨ ?

ਉੱਤਰ:-ਗੁਰੂ ਗੋਬਿੰਦ ਸਿੰਘ ਜੀ ਕੋਲ਼ ਭਾਈ ਘਨੱਈਆ ਜੀ ਦੁਆਰਾ ਦੁਸ਼ਮਣ ਸਿਪਾਹੀਆਂ ਨੂੰ ਪਾਣੀ ਪਿਲਾਉਣ ਅਤੇ ਉਹਨਾਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਬੰਨ੍ਹਣ ਦੀਆਂ ਸ਼ਿਕਾਇਤਾਂ ਲਾਈਆਂ ਗਈਆਂ ਸਨ।

6. ਪ੍ਰਸ਼ਨ:- ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਕਾਇਤਾਂ ਸੁਣ ਕੇ ਭਾਈ ਘਨੱਈਆ ਜੀ ਨੂੰ ਕਿਹੜਾ ਕੰਮ ਸੌਂਪਿਆ ਸੀ ?

ਉੱਤਰ:- ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਕਾਇਤਾਂ ਸੁਣ ਕੇ ਭਾਈ ਘਨੱਈਆ ਜੀ ਨੂੰ ਪਾਣੀ ਪਿਲਾਉਣ ਦੇ ਨਾਲ਼-ਨਾਲ਼ ਜ਼ਖ਼ਮੀਆਂ ਦੀ ਮੱਲ੍ਹਮ-ਪੱਟੀ ਕਰਨ ਦਾ ਕੰਮ ਵੀ ਸੌਂਪ ਦਿੱਤਾ।

7. ਪ੍ਰਸ਼ਨ:-ਭਾਈ ਘਨੱਈਆ ਜੀ ਦੇ ਚਰਿੱਤਰ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

ਉੱਤਰ:- ਭਾਈ ਘਨੱਈਆ ਜੀ ਦੇ ਚਰਿੱਤਰ ਤੋਂ ਸਾਨੂੰ ਨਿਸ਼ਕਾਮ ਸੇਵਾ ਕਰਨ ਦੀ ਸਿੱਖਿਆ ਮਿਲਦੀ ਹੈ।

## ਖ਼ਾਲੀ ਥਾਂਵਾਂ ਭਰੋ :

1) ਨਿੱਕਾ ਘਨੱਈਆ ਵੀ ਸੋਧਰਾ ਵਿੱਚ ਰਹਿੰਦਾ ਸੀ।
2) ਇੱਕ ਦਿਨ ਉਹ ਵੱਡੇ ਕੰਮ ਦੀ ਭਾਲ਼ ਵਿੱਚ ਘਰੋਂ ਨਿੱਕਲ਼ ਤੁਰਿਆ।
3) ਮੁਸਾਫ਼ਰ ਨੇ ਘਨੱਈਆ ਨੂੰ ਗੁਰੂ ਤੇਗ਼ ਬਹਾਦਰ ਅਤੇ ਉਹਨਾਂ ਦੇ ਸਾਹਿਬਜ਼ਾਦੇ ਗੋਬਿੰਦ ਰਾਏ ਬਾਰੇ ਭਰਪੂਰ ਜਾਣਕਾਰੀ ਦਿੱਤੀ।
4) ਭੰਗਾਣੀ ਦੇ ਯੁੱਧ ਵਿੱਚ ਭਾਈ ਘਨੱਈਆ ਨੇ ਲੋੜਵੰਦਾਂ ਨੂੰ ਪਾਣੀ ਪਿਆਉਣ ਦੀ ਸੇਵਾ ਦਾ ਕੰਮ ਸੰਭਾਲ਼ ਲਿਆ।
5) ਪਾਣੀ ਦੀ ਭਰੀ ਹੋਈ ਮਸ਼ਕ ਚੁੱਕੀ ਉਹ ਜ਼ਖ਼ਮੀਆਂ ਨੂੰ ਲੱਭ-ਲੱਭ ਕੇ ਪਾਣੀ ਪਿਆਉਣ ਲੱਗ ਪਿਆ।
6) ਉਹ ਦੁਸ਼ਮਣ ਸਿਪਾਹੀਆਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਵੀ ਬੰਨ੍ਹ ਦਿੰਦਾ ਸੀ।

## ਵਾਕਾਂ ਵਿੱਚ ਵਰਤੋ :

1) ਵਾਟ (ਰਸਤਾ):- ਮੇਰੇ ਘਰ ਤੋਂ ਸਕੂਲ ਦੀ ਵਾਟ ਥੋੜ੍ਹੀ ਕੁ ਹੈ।

2) ਰਾਹੀ (ਪੈਦਲ ਚੱਲਣ ਵਾਲ਼ਾ):- ਰਾਹੀ ਗੁਰੂ ਘਰ ਵੱਲ ਤੁਰ ਪਿਆ।

3) ਸ਼ਹੀਦੀ (ਕੁਰਬਾਨੀ ਦੇਣਾ):- ਅਜ਼ਾਦੀ ਲੈਣ ਲਈ ਅਨੇਕਾਂ ਦੇਸ਼-ਭਗਤਾਂ ਨੇ ਸ਼ਹੀਦੀ ਦਿੱਤੀ।

4) ਲੋੜਵੰਦ (ਜਿਸ ਨੂੰ ਮਦਦ ਦੀ ਲੋੜ ਹੋਵੇ):- ਸਾਨੂੰ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ।

5) ਮੁਸਾਫ਼ਰ (ਸਫ਼ਰ ਕਰਨ ਵਾਲ਼ਾ):-ਬੱਸ ਵਿੱਚ ਮੁਸਾਫ਼ਰ ਬੈਠੇ ਹਨ।

## ਔਖੇ ਸ਼ਬਦਾਂ ਦੇ ਅਰਥ :

- ਨਿਰਛਲ – ਛਲ ਰਹਿਤ,ਸਿੱਧਾ-ਸਾਦਾ,ਸ਼ਰੀਫ਼
- ਪਵਿੱਤਰ – ਸ਼ੁੱਧ,ਸੁੱਚਾ,ਨਿਰਮਲ
- ਉੱਤਮ – ਸਭ ਤੋਂ ਵਧੀਆ
- ਮਹਿਮਾ – ਉਸਤਤ,ਵਡਿਆਈ
- ਬੇਗਾਨਾ – ਓਪਰਾ,ਗ਼ੈਰ,ਪਰਾਇਆ

## ਮੁਹਾਵਰਿਆਂ ਦੇ ਅਰਥ:

- ਹੱਲਾ ਬੋਲਣਾ : ਹਮਲਾ ਕਰਨਾ
- ਖਾਰ ਖਾਣਾ : ਵਿਰੋਧ ਕਰਨਾ,ਸਾੜਾ ਕਰਨਾ
- ਪ੍ਰਸੰਨ ਹੋਣਾ : ਖ਼ੁਸ਼ ਹੋਣਾ
- ਜਸ ਫੈਲਣਾ : ਕਿਸੇ ਚੰਗੇ ਕੰਮ ਲਈ ਪ੍ਰਸਿੱਧੀ ਪ੍ਰਾਪਤ ਹੋਣਾ
- ਘਮਸਾਨ ਦੀ ਲੜਾਈ ਛਿੜਨਾ : ਬਹੁਤ ਜ਼ਿਆਦਾ ਲੜਾਈ ਹੋਣਾ